# ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

ਪੀ.ਐਸ.ਈ.ਬੀ. ਬਿਲਡਿੰਗ ਈ- ਬਲਾਕ, ਚੋਥੀ ਮੰਜਲ, ਫੇਜ- 8 ਐਸ.ਏ.ਐਸ ਨਗਰ

**ਅਮਲਾ- 2**

**ਪਬਲਿਕ ਨੋਟਿਸ**

ਹੁਕਮ ਨੰ:2/78-2018 ਅਮਲਾ2(1) ਮਿਤੀ- 14/11/18

| | | |
|---|---|---|
| 1) | ਜੇ ਕੋਈ ਇਸਤਰੀ SSA/RMSA ਅਧਿਆਪਕਾ ਪਹਿਲਾਂ ਹੀ ਪ੍ਰਸੂਤਾ ਛੁੱਟੀ ਤੇ ਚੱਲ ਰਹੇ ਹਨ ਅਤੇ ਹੁਣ ਵਿਭਾਗ ਵਿੱਚ ਰੈਗੂਲਰ ਹੋਏ ਹਨ, ਉਨ੍ਹਾਂ ਲਈ ਪ੍ਰਸੂਤਾ ਛੁੱਟੀ ਸਬੰਧੀ ਕੀ ਹਦਾਇਤਾਂ ਹਨ? | ਜੋ ਅਧਿਆਪਕਾਵਾਂ ਸੁਸਾਇਟੀਆਂ ਵਿੱਚੋਂ ਹੁਣ ਵਿਭਾਗ ਵਿੱਚ ਰੈਗੂਲਰ ਹੋਈਆਂ ਹਨ ਅਤੇ ਪ੍ਰਸੂੱਤਾ ਛੁੱਟੀ ਤੇ ਚੱਲ ਰਹੀਆਂ ਹਨ ਉਹ ਸਕੂਲ ਵਿੱਚ ਇੱਕ ਵਾਰ ਜੁਆਇਨ ਕਰਨਗੇ ਅਤੇ ਪ੍ਰਸੂੱਤਾ ਛੁੱਟੀ ਜਾਰੀ ਰਹੇਗੀ। ਜਿੰਨੀ ਛੁੱਟੀ ਪਹਿਲਾਂ ਅਵੇਲ ਕਰ ਲਈ ਹੈ ਹੁਣ ਬਾਕੀ ਰਹਿੰਦੀ ਛੁੱਟੀ ਰੈਗੂਲਰ ਪੋਸਟ ਤੇ ਅਵੇਲ ਕਰਨਗੇ।ਭਾਵ ਜੇ ਕਿਸੇ ਨੇ 2 ਮਹੀਨੇ ਦੀ ਛੁੱਟੀ ਸੁਸਾਇਟੀਆਂ ਵਿੱਚ ਅਵੇਲ ਕੀਤੀ ਹੈ ਤਾਂ ਬਾਕੀ 4 ਮਹੀਨੇ ਦੀ ਰਹਿੰਦੀ ਛੁੱਟੀ ਰੈਗੂਲਰ ਪੋਸਟ ਤੇ ਅਵੇਲ ਕਰਨਗੇ। |
| 2) | SSA/RMSA ਤੋਂ ਰੈਗੂਲਰ ਹੋਏ ਅਧਿਆਪਕਾਂ ਨੂੰ ਇਤਫਾਕੀਆ ਛੁੱਟੀਆਂ ਕਿੰਨੀਆਂ ਮਿਲਣਗੀਆਂ? | ਅਧਿਆਪਕਾਂ ਨੇ ਜੋ ਇਤਫਾਕੀਆ ਛੁੱਟੀਆਂ ਸੁਸਾਇਟੀਆਂ ਵਿੱਚ ਅਵੇਲ ਕਰ ਲਈਆਂ ਹਨ, ਉਨ੍ਹਾਂ ਦਾ ਪੁਰਾਣਾ ਸੁਸਾਇਟੀਆਂ ਵਿੱਚ ਛੁੱਟੀਆਂ ਦਾ ਅਕਾਊਂਟ ਖਤਮ ਸਮਝਿਆ ਜਾਵੇਗਾ ਭਾਵ ਜੋ ਲੈ ਲਈਆਂ ਹਨ ਉਹ ਲੈ ਲਈਆਂ, ਜੋ ਲੈਣੀਆਂ ਹਨ ਉਹ ਨਹੀਂ ਮਿਲਣਗੀਆਂ, ਛੁੱਟੀਆਂ ਦਾ ਖਾਤਾ ਨਵੇਂ ਸਿਰੇ ਤੋਂ ਸੁਰੂ ਹੋਵੇਗਾ।<br><br>ਰੈਗੂਲਰ ਹੋਏ ਅਧਿਆਪਕਾਂ ਨੂੰ ਇਤਫਾਕੀਆ ਛੁੱਟੀਆਂ ਚਾਲੂ ਸਾਲ ਦੇ ਰਹਿ ਗਏ ਮਹੀਨਿਆਂ ਦੇ ਅਨੁਪਾਤ ਅਨੁਸਾਰ ਮਿਲਣਗੀਆਂ। ਭਾਵ ਮਰਦ ਅਧਿਆਪਕਾਂ ਨੂੰ 10 ਵਿੱਚੋਂ ਅਤੇ ਇਸਤਰੀ ਅਧਿਆਪਕਾ ਨੂੰ 20 ਛੁੱਟੀਆਂ ਵਿੱਚੋਂ ਅਨੁਪਾਤ ਦੇ ਹਿਸਾਬ ਨਾਲ ਮਿਲਣਗੀਆਂ। ਇਸ ਵਿੱਚ ਪਹਿਲਾਂ ਸੁਸਾਇਟੀਆਂ ਵਿੱਚ ਲਈਆਂ ਛੁੱਟੀਆਂ ਨਹੀਂ ਗਿਣੀਆਂ ਜਾਣਗੀਆਂ। ਭਾਵ ਛੁੱਟੀਆਂ ਦਾ ਪੁਰਾਣਾ ਚੈਪਟਰ ਖਤਮ ਸਮਝਿਆ ਜਾਵੇ। |
| 3) | ਨਵੇਂ ਰੈਗੂਲਰ ਹੋਏ ਅਧਿਆਪਕਾਂ ਨੂੰ ਪੀ.ਪੀ.ਓ. ਨੰਬਰ ਅਤੇ ਪਰਾਨ ਨੰਬਰ ਕਿਵੇਂ ਮਿਲਣਗੇ? | ਨਵੇਂ ਰੈਗੂਲਰ ਹੋਏ ਅਧਿਆਪਕਾਂ ਨੂੰ ਪੀ.ਪੀ.ਓ. ਨੰਬਰ ਦੀ ਕੋਈ ਜ਼ਰੂਰਤ ਨਹੀਂ ਅਤੇ ਪਰਾਨ ਨੰਬਰ ਸਬੰਧਤ ਡੀ.ਡੀ.ਓ. ਆਨ ਲਾਈਨ ਅਪਲਾਈ ਕਰਕੇ ਖਜ਼ਾਨਾ ਅਫਸਰ ਪੱਧਰ ਤੇ ਕਾਰਵਾਈ ਕਰਨਗੇ। |
| 4) | ਸੁਸਾਇਟੀਆਂ ਦੇ ਮਿਡਲ ਸਕੂਲਾਂ ਦਾ ਡੀ.ਡੀ.ਓ. ਕੌਣ ਹੋਵੇਗਾ? | ਸੁਸਾਇਟੀਆਂ ਦੇ ਮਿਡਲ ਸਕੂਲਾਂ ਨੂੰ ਜਲਦੀ ਹੀ ਨਾਲ ਦੇ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲਾਂ ਨਾਲ ਜੋੜਿਆ ਜਾਣਾ ਹੈ ਅਤੇ ਉਨ੍ਹਾਂ ਸਕੂਲਾਂ ਨੂੰ ਹੀ ਇਨ੍ਹਾਂ ਮਿਡਲ ਸਕੂਲਾਂ ਦੀਆਂ ਡੀ.ਡੀ.ਓ.ਪਾਵਰਜ਼ ਦਿੱਤੀਆਂ ਜਾਣਗੀਆਂ। |
| 5) | ਨਵੇਂ ਰੈਗੂਲਰ ਹੋਏ ਅਧਿਆਪਕਾਂ ਨੂੰ ਕੁੱਝ ਸਕੂਲ ਮੁੱਖੀ ਇਹ ਕਹਿ ਕੇ ਫਾਰਗ ਨਹੀਂ ਕਰ ਰਹੇ ਕਿ ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਇੰਡੋਰਸਮੈਂਟ ਨਹੀਂ ਲਗਾਈ ਗਈ। | ਇਸ ਸਬੰਧੀ ਪਹਿਲਾਂ ਵੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਸਬੰਧਤ ਸਕੂਲ ਮੁੱਖੀਆਂ ਨੂੰ ਤੁਰੰਤ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਅਧਿਆਪਕਾਂ ਨੂੰ ਰੈਗੂਲਰ ਹੋਣ ਤੇ ਕੋਈ ਦੂਸਰੇ ਸਕੂਲ ਦੀ ਪੋਸਟ ਤੇ ਲਗਾਇਆ ਗਿਆ ਹੈ ਉਨ੍ਹਾਂ ਨੂੰ ਸਕੂਲ ਮੁੱਖੀ ਤੁਰੰਤ ਬਿਨ੍ਹਾਂ ਕਿਸੇ ਦੇਰੀ ਤੋਂ ਫਾਰਗ ਕਰਨਗੇ। |

ਸੁਖਜੀਤਪਾਲ ਸਿੰਘ

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)ਪੰਜਾਬ

Scanned with CamScanner